CS (Main) Exam : ,2014

**C-DRN-N-L-RVOA**

# PUNJABI

## Paper I

**( LITERATURE )**

*Time allowed : **Three** Hours*

*Maximum Marks : **250***

---

## QUESTION PAPER SPECIFIC INSTRUCTIONS

***Please read each of the following instructions carefully before attempting questions :***

*There are **EIGHT** questions divided in **TWO SECTIONS**.*

*Candidate has to attempt **FIVE** questions in all.*

*Questions no. **1** and **5** are compulsory and out of the remaining, **THREE** are to be attempted choosing at least **ONE** from each section.*

*The number of marks carried by a question/part is indicated against it.*

*Answers must be written in **PUNJABI**.*

*Word limit in questions, wherever specified, should be adhered to.*

*Attempts of questions shall be counted in chronological order. Unless struck off, attempt of a question shall be counted even if attempted partly. Any page or portion of the page left blank in the Question-cum-Answer Booklet must be clearly struck off.*

---

## SECTION A

**Q1.** ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਉ । ਹਰ ਇਕ ਪ੍ਰਸ਼ਨ ਦਾ ਉੱਤਰ ਲਗਭਗ 150 ਸ਼ਬਦਾਂ ਵਿਚ ਹੋਣਾ ਚਾਹੀਦਾ ਹੈ : *10×5=50*

(a) ਪੰਜਾਬੀ ਭਾਸ਼ਾ ਦੇ ਨਿਕਾਸ ਅਤੇ ਇਸ ਦੇ ਵਿਕਾਸ-ਪੜਾਵਾਂ ਉਪਰ ਰੌਸ਼ਨੀ ਪਾਉ । *10*

(b) ਪੰਜਾਬੀ ਦੀਆਂ ਵਿਅੰਜਨ ਧੁਨੀਆਂ ਦਾ ਵਰਗੀਕਰਨ, ਉਚਾਰਣ ਸਥਾਨਾਂ ਦੀ ਦ੍ਰਿਸ਼ਟੀ ਤੋਂ ਕਰੋ । *10*

(c) ਪੰਜਾਬੀ ਦੀਆਂ ਪੂਰਬੀ ਅਤੇ ਪੱਛਮੀ ਉਪ-ਭਾਸ਼ਾਵਾਂ ਵਿਚਲਾ ਅੰਤਰ ਸਪੱਸ਼ਟ ਕਰੋ । *10*

(d) ਨਾਥ-ਜੋਗੀਆਂ ਦੀ ਮੁੱਢਲੇ ਪੰਜਾਬੀ-ਸਾਹਿਤ ਨੂੰ ਦੇਣ ਉਪਰ ਚਰਚਾ ਕਰੋ । *10*

(e) ਵਿਸ਼ਵ-ਭਾਸ਼ਾਵਾਂ ਦੇ ਸੰਦਰਭ ਵਿਚ ਪੰਜਾਬੀ ਭਾਸ਼ਾ ਦੀ ਅਜੋਕੀ ਸਥਿਤੀ ਦਾ ਮੁਲਾਂਕਣ ਕਰੋ । *10*

**Q2.** (a) ਪੰਜਾਬੀ ਦੀਆਂ ਸਵਰ ਧੁਨੀਆਂ ਸੰਬੰਧੀ ਚਰਚਾ ਕਰੋ । *15*

(b) ਪ੍ਰਾਚੀਨ ਭਾਰਤ-ਆਰੀਆ ਪਰਿਵਾਰ ਦੀਆਂ ਭਾਸ਼ਾਵਾਂ ਨਾਲ, ਪੰਜਾਬੀ ਭਾਸ਼ਾ ਦਾ ਸੰਬੰਧ ਸਥਾਪਤ ਕਰੋ । *15*

(c) ਗੁਰਮੁਖੀ ਲਿਪੀ ਦੀ ਪ੍ਰਾਚੀਨਤਾ ਉਪਰ ਚਾਨਣਾ ਪਾਉ । *10*

(d) ਪੰਜਾਬੀ ਜਨਮਸਾਖੀ-ਸਾਹਿਤ ਦੀਆਂ ਭਾਸ਼ਾਈ ਅਤੇ ਸਾਹਿਤਕ ਵਿਸ਼ੇਸ਼ਤਾਵਾਂ ਬਿਆਨ ਕਰੋ । *10*

**Q3.** (a) ਪੰਜਾਬੀ ਸੁਰ-ਪ੍ਰਬੰਧ (Tone System) ਦੀਆਂ ਵਿਸ਼ੇਸ਼ਤਾਵਾਂ ਬਿਆਨ ਕਰੋ । *15*

(b) ਗੁਰਮੁਖੀ ਲਿਖਤਾਂ ਵਿਚ ਬਿੰਦੀ, ਟਿੱਪੀ ਅਤੇ ਅੱਧਕ ਦੀ ਵਰਤੋਂ ਬਾਰੇ ਜਾਣਕਾਰੀ ਦਿਉ । *15*

(c) ਮਲਵਈ ਅਤੇ ਪੁਆਧੀ ਉਪ-ਭਾਸ਼ਾਵਾਂ ਬਾਰੇ ਬਹੁਪੱਖੀ ਜਾਣਕਾਰੀ ਦਿਉ । *10*

(d) ਪੰਜਾਬੀ ਸੂਫ਼ੀ-ਕਾਵਿ ਦੇ ਇਤਿਹਾਸਕ-ਪਿਛੋਕੜ ਅਤੇ ਵਿਕਾਸ-ਪੜਾਵਾਂ ਉਪਰ ਰੌਸ਼ਨੀ ਪਾਉ । *10*

**Q4.** (a) ਗੁਰਮੁਖੀ ਲਿਪੀ ਦੇ ਨਿਕਾਸ ਅਤੇ ਵਿਕਾਸ ਉਪਰ ਵਿਸਥਾਰ ਸਹਿਤ ਚਰਚਾ ਕਰੋ । *15*

(b) ਧੁਨੀ ਵਿਗਿਆਨ ਅਤੇ ਧੁਨੀ ਵਿਉਂਤ ਬਾਰੇ ਚਰਚਾ ਕਰੋ ਅਤੇ ਇਨ੍ਹਾਂ ਵਿਚਲਾ ਅੰਤਰ ਸਪਸ਼ਟ ਕਰੋ । *15*

(c) ਮੱਧਕਾਲੀਨ ਪੰਜਾਬੀ-ਕਾਵਿ ਦੀਆਂ ਮੂਲ ਪ੍ਰਵਿਰਤੀਆਂ ਨਾਲ ਜਾਣ-ਪਛਾਣ ਕਰਾਉ । *10*

(d) ਭਾਸ਼ਾ-ਵਿਗਿਆਨ ਦੀ ਸਾਰਥਕਤਾ ਅਤੇ ਇਸ ਦੇ ਅਧਿਐਨ-ਖੇਤਰ ਸੰਬੰਧੀ ਵਿਸਤ੍ਰਿਤ ਜਾਣਕਾਰੀ ਦਿਉ । *10*

## SECTION B

**Q5.** ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਉ । ਹਰ ਇਕ ਪ੍ਰਸ਼ਨ ਦਾ ਉੱਤਰ ਲਗਭਗ 150 ਸ਼ਬਦਾਂ ਵਿਚ ਹੋਣਾ ਚਾਹੀਦਾ ਹੈ : *10×5=50*

(a) 'ਆਧੁਨਿਕਤਾ' (Modernity) ਸੰਕਲਪ ਦੀ ਵਿਆਖਿਆ ਕਰਦੇ ਹੋਇਆਂ ਸਪੱਸ਼ਟ ਕਰੋ ਕਿ ਪੰਜਾਬੀ-ਸਾਹਿਤ ਵਿਚ ਇਸ ਦਾ ਪ੍ਰਵੇਸ਼ ਕਦੋਂ ਤੇ ਕਿਵੇਂ ਹੋਇਆ ? *10*

(b) ਪੰਜਾਬੀ ਲੋਕ-ਸਾਹਿਤ ਦੀਆਂ ਪ੍ਰਮੁੱਖ ਵੰਨਗੀਆਂ ਨਾਲ ਜਾਣ-ਪਛਾਣ ਕਰਾਉ । *10*

(c) ਪੰਜਾਬੀ ਸਾਹਿਤ-ਆਲੋਚਨਾ ਦੇ ਮੁੱਢ ਅਤੇ ਵਿਕਾਸ ਉਪਰ ਟਿੱਪਣੀ ਕਰੋ । *10*

(d) ਪੰਜਾਬੀ ਸਾਹਿਤ ਉਪਰ ਸੰਸਕ੍ਰਿਤ ਅਤੇ ਫ਼ਾਰਸੀ ਦੇ ਪੈਣ ਵਾਲੇ ਪ੍ਰਭਾਵਾਂ ਨਾਲ ਜਾਣ-ਪਛਾਣ ਕਰਾਉ । *10*

(e) ਪੰਜਾਬੀ ਭਾਸ਼ਾ ਵਿਚ ਅੰਗਰੇਜ਼ੀ ਸ਼ਬਦਾਵਲੀ ਦੀ ਵੱਧ ਰਹੀ ਵਰਤੋਂ ਬਾਰੇ ਚਰਚਾ ਕਰੋ । *10*

**Q6.** (a) ਪ੍ਰੋ. ਮੋਹਨ ਸਿੰਘ ਦੀ ਗੀਤ-ਕਲਾ ਦੇ ਮਹੱਤਵ ਨੂੰ ਉਭਾਰੋ । *15*

(b) ਸੰਤ ਸਿੰਘ ਸੇਖੋਂ ਦੇ ਨਾਟਕਾਂ ਦੇ ਵਿਚਾਰਧਾਰਕ ਆਧਾਰਾਂ ਨੂੰ ਚਰਚਾ ਦਾ ਵਿਸ਼ਾ ਬਣਾਉ । *15*

(c) ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਦੇ ਮਨੋ-ਵਿਗਿਆਨਕ ਆਧਾਰਾਂ ਦੀ ਨਿਸ਼ਾਨਦੇਹੀ ਕਰੋ । *10*

(d) ਗੁਰਬਖ਼ਸ਼ ਸਿੰਘ ਦੀ ਵਾਰਤਕ-ਸ਼ੈਲੀ ਦੇ ਗੁਣਾਂ ਨੂੰ ਚਰਚਾ ਦਾ ਵਿਸ਼ਾ ਬਣਾਉ । *10*

**Q7.** (a) ਪੰਜਾਬੀ ਪ੍ਰਯੋਗਸ਼ੀਲ-ਕਾਵਿ (Experimentalist poetry) ਦੀਆਂ ਸੀਮਾਵਾਂ ਅਤੇ ਇਸ ਵਿਚ ਲੁਪਤ ਸੰਭਾਵਨਾਵਾਂ ਨੂੰ ਚਰਚਾ ਦਾ ਵਿਸ਼ਾ ਬਣਾਉ । *15*

(b) ਚਰਨ ਦਾਸ ਸਿੱਧੂ ਦੇ ਨਾਟਕਾਂ ਦੇ ਵਿਸ਼ੇ-ਪੱਖ ਉਪਰ ਰੌਸ਼ਨੀ ਪਾਉ । *15*

(c) ਡਾ. ਅਤਰ ਸਿੰਘ ਦੀ ਆਲੋਚਨਾ-ਵਿਧੀ ਦੇ ਮਹੱਤਵ ਨੂੰ ਉਭਾਰੋ । *10*

(d) ਕਰਤਾਰ ਸਿੰਘ ਦੁੱਗਲ ਨੂੰ ਇਕ ਆਂਚਲਿਕ ਨਾਵਲਕਾਰ ਦੇ ਤੌਰ 'ਤੇ ਚਰਚਾ ਦਾ ਵਿਸ਼ਾ ਬਣਾਉ । *10*

**Q8.** (a) ਪਾਸ਼ ਨੂੰ ਇਕ ਨਵ-ਪ੍ਰਗਤੀਵਾਦੀ (Neo-progressive) ਕਵੀਂ ਦੇ ਰੂਪ ਵਿਚ ਚਰਚਾ ਦਾ ਵਿਸ਼ਾ ਬਣਾਉ । *15*

(b) ਪ੍ਰੋ. ਕਿਸ਼ਨ ਸਿੰਘ ਦੀ ਮਾਰਕਸਵਾਦੀ ਅਧਿਐਨ-ਵਿਧੀ ਦੀਆਂ ਸੀਮਾਵਾਂ ਉਪਰ ਟਿੱਪਣੀ ਕਰੋ । *15*

(c) ਗੁਰਦਿਆਲ ਸਿੰਘ ਦੇ ਨਾਵਲਾਂ ਦੇ ਵਿਚਾਰਧਾਰਕ-ਆਧਾਰ ਸਪੱਸ਼ਟ ਕਰੋ । *10*

(d) ਸ਼ਿਵ ਕੁਮਾਰ ਬਟਾਲਵੀ ਨੂੰ ਇਕ ਰੁਮਾਂਟਿਕ ਗੀਤਕਾਰ ਦੇ ਤੌਰ 'ਤੇ ਚਰਚਾ ਦਾ ਵਿਸ਼ਾ ਬਣਾਉ । *10*